# ਧੂੰਆਂ ਮੁਕਤ ਓਨਟੈਰੀਓ ਕਨੂੰਨ 2005

## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਸਕੂਲਾਂ ਨੂੰ

### ਮੂਲ ਆਧਾਰ

- ਧੂੰਆਂ ਰਹਿਤ ਓਨਟੈਰੀਓ ਕਨੂੰਨ 31ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਨੂੰਨ ਓਨਟੈਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

### ਜਨਤੱਕ ਸਕੂਲ ਅਤੇ ਨਿਜੀ ਸਕੂਲ ਜਾਇਦਾਦ

ਜਨਤੱਕ ਸਕੂਲਾਂ, ਨਿਜੀ ਸਕੂਲਾਂ ਅਤੇ ਜਨਤੱਕ ਸਕੂਲਾਂ ਦੀ ਜਾਇਦਾਦ 'ਤੇ ਸਿਗਰੇਟ ਪੀਣ ਦੀ ਮਨਾਹੀ ਹੈ। ਧੂੰਆਂ-ਰਹਿਤ ਓਨਟੈਰੀਓ ਕਨੂੰਨ ਅਧੀਨ, ਸਿਗਰੇਟ ਪੀਣ ਦੀ ਮਨਾਹੀ ਨਿਜੀ ਸਕੂਲਾਂ ਦੀ ਜਾਇਦਾਦ ਸ਼ਾਮਲ ਕਰਨ ਲਈ ਵਧਾ ਦਿੱਤੀ ਗਈ ਹੈ, ਇਸ ਵਿੱਚ ਉਹ ਨਿਜੀ ਸਕੂਲ ਜਾਇਦਾਦ ਵੀ ਸ਼ਾਮਲ ਹੈ ਜੋ ਖਾਸ ਕਰ ਕੇ ਨਿਜੀ ਸਕੂਲ ਨਾਲ ਜੋੜੀ ਗਈ ਹੈ/ਨਿਜੀ ਸਕੂਲ ਵੱਲੋਂ ਵਰਤੀ ਜਾਂਦੀ ਹੈ (ਜਿਵੇਂ ਕਿ ਖੇਡ ਦਾ ਮਦਾਨ)।

### ਮਾਲਕਾਂ ਜਾਂ ਮੁਖੀ ਵਿਅਕਤੀ ਦੀਆਂ ਜੁੰਮੇਵਾਰੀਆਂ

- ਯਕੀਨੀ ਬਨਾਓ ਕਿ ਕਰਮਚਾਰੀਆਂ, ਵਿਦਿਆਰਥੀਆਂ ਅਤੇ ਮਿਲਣ ਆਉਣ ਵਾਲਿਆਂ ਨੂੰ ਸਿਗਰੇਟ ਪੀਣ ਦੀ ਮਨਾਹੀ ਦਾ ਪਤਾ ਹੈ।
- ਐਸ਼ਟਰੇ ਅਤੇ ਹੋਰ ਚੀਜਾਂ ਜੋ ਐਸ਼ਟਰੇ ਦਾ ਕੰਮ ਕਰਦੀਆਂ ਹਨ ਹਟਾ ਦਿਓ।
- ਯਕੀਨੀ ਬਨਾਓ ਕਿ ਕਰਮਚਾਰੀ, ਵਿਦਿਆਰਥੀ ਅਤੇ ਜਨਤਾ ਸਕੂਲ ਦੀ ਜਾਇਦਾਦ 'ਤੇ ਸਿਗਰੇਟ ਨਾ ਪੀਣ।
- ਯਕੀਨੀ ਬਨਾਓ ਕਿ ਜੋ ਵਿਅਕਤੀ ਇਸ ਦੀ ਪਾਲਣਾ ਨਹੀਂ ਕਰਦਾ ਉਹ ਜਾਇਦਾਦ 'ਤੇ ਨਾ ਰਹਵੇ।
- *ਧੂਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜਿਆਂ, ਗੁਸਲਖਾਨਿਆਂ ਅਤੇ ਹੋਰ ਸਹੀ ਜਗਾਹਾਂ ਉੱਤੇ ਲਗਾਉਣੇ ਚਾਹੀਦੇ ਹਨ ਤਾਕਿ ਇਹ ਯਕੀਨੀ ਬਨਾਇਆ ਜਾਵੇ ਕਿ ਸਭ ਨੂੰ ਪਤਾ ਲੱਗੇ ਕਿ ਸਿਗਰੇਟ ਪੀਣ ਦੀ ਮਨਾਹੀ ਹੈ। ਨਿਸ਼ਾਨ ਲੈਣ ਲਈ ਜਾਨਕਾਰੀ ਲਈ ਕਿਰਪਾ ਕਰ ਕੇ ਸਥਾਨਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

### ਪਾਲਣਾ

ਸਥਾਨੀਕ ਜਨਤੱਕ ਸੇਹਤ ਇਕਾਈਆਂ ਕਨੂੰਨ ਦੀ ਪਾਲਣਾ ਕਰਵਾਉਣ ਲਈ ਸਕੂਲਾਂ ਵਿੱਚ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ।

### ਜੁਰਮਾਨੇ

ਕਨੂੰਨ ਦੇ ਇਸ ਭਾਗ ਦੀ ਉਲੰਘਨਾਂ ਕੋਈ ਵੱਧ ਤੋਂ ਵੱਧ ਕਾਰਪੋਰੇਟ ਜੁਰਮਾਨਾ ਨਹੀਂ ਲਿਖਿਆ ਗਿਆ ਹੈ, ਇਸ ਦਾ ਮਤਲਬ ਹੈ ਕਿ ਜੁਰਮਾਨੇ ਦੀ ਰਕਮ ਨਿਆਂ ਅਦਾਲਤ 'ਤੇ ਨਿਰਭਰ ਕਰੇਗੀ। ਇੱਕ ਵਿਅਕਤੀ ਨੂੰ ਵੱਧ ਤੋਂ ਵੱਧ $5,000 ਦਾ ਜੁਰਮਾਨਾ ਹੋ ਸਕਦਾ ਹੈ।

ਇਹ ਤੱਤ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006



Ontario